pstcl
OFFICE OF DIRECTOR /ADMINISTRATION
PUNJAB STATE TRANSMISSION CORPORATION LIMITED
Regd. Off: PSEB Head Office, The Mall, Patiala-147001
Ph: (O) 0175-2300327

ਵੱਲ

ਡਾਇਰੈਕਟਰ ਜਨਰਲ ਆਫ ਪੁਲਿਸ,
ਪੰਜਾਬ ਸਰਕਾਰ, ਚੰਡੀਗੜ੍ਹ

ਪੱਤਰ ਨੰ: SPL-2 ਮਿਤੀ 21.11.2021

ਵਿਸ਼ਾ: ਪੀ.ਐੱਸ.ਈ.ਬੀ .ਇੰਪਲਾਈਜ਼ ਜੁਆਇੰਟ ਫੋਰਮ ਵੱਲੋਂ ਦਿੱਤੇ ਗਏ ਮਾਸ ਕੈਜੁਅਲ ਲੀਵ ਦੇ ਨੋਟਿਸ ਬਾਰੇ।

ਪੀ.ਐੱਸ.ਈ.ਬੀ .ਇੰਪਲਾਈਜ਼ ਜੁਆਇੰਟ ਫੋਰਮ ਵੱਲੋਂ ਮਿਤੀ 15.11.2021 ਤੋਂ 18.11.2021 ਤੱਕ ਮਾਸ ਕੈਜੁਅਲ ਲੀਵ ਲੈ ਕੇ ਧਰਨੇ ਅਤੇ ਮੁਜਾਹਰੇ ਕਰਨ ਦਾ ਪ੍ਰੋਗਰਾਮ ਉਲੀਕਿਆ ਗਿਆ ਸੀ, ਜਿਸ ਦਾ ਸਮਾਂ ਹੁਣ ਇਨ੍ਹਾਂ ਹੜ੍ਹਤਾਲੀ ਕਰਮਚਾਰੀਆਂ ਵੱਲੋਂ ਮਿਤੀ: 26-11-2021 ਤੱਕ ਵਧਾ ਦਿੱਤਾ ਗਿਆ ਹੈ। ਜਿਸ ਦੇ ਤਹਿਤ ਹੈੱਡ-ਆਫਿਸ, ਸ਼ਕਤੀ ਵਿਹਾਰ ਅਤੇ ਪਟਿਆਲਾ ਵਿਖੇ ਸਥਿਤ ਹੋਰ ਦਫਤਰਾਂ ਦੇ ਗੇਟ ਬੰਦ ਕਰਕੇ ਧਰਨੇ ਮੁਜਾਹਰੇ ਕੀਤੇ ਜਾ ਰਹੇ ਹਨ, ਅਤੇ ਵਫਾਦਾਰ ਅਧਿਕਾਰੀਆਂ/ਕਰਮਚਾਰੀਆਂ ਨੂੰ ਜਬਰਦਸਤੀ ਦਫਤਰਾਂ ਵਿੱਚ ਦਾਖਲ ਹੋਣ ਤੋਂ ਰੋਕਿਆ ਜਾ ਰਿਹਾ ਹੈ। ਇਸ ਤੋਂ ਇਲਾਵਾ ਫੀਲਡ ਵਿੱਚ ਸਥਿਤ ਗਰਿੱਡ ਸਬ-ਸਟੇਸ਼ਨਾਂ ਉੱਪਰ ਡਿਊਟੀ ਦੇ ਰਹੇ ਅਧਿਕਾਰੀਆਂ /ਕਰਮਚਾਰੀਆਂ ਨੂੰ ਜਬਰਦਸਤੀ ਡਿਊਟੀ ਕਰਨ ਤੋਂ ਹੜ੍ਹਤਾਲੀ ਕਰਮਚਾਰੀਆਂ ਵੱਲੋਂ ਸਬ-ਸਟੇਸ਼ਨ ਕੰਟਰੋਲ ਰੂਮਾਂ ਦੇ ਅੰਦਰ ਧੱਕੇ ਨਾਲ ਦਾਖਲ ਹੋ ਕੇ ਕਈ ਥਾਵਾਂ ਤੇ ਉਨ੍ਹਾਂ ਦੇ ਨਾਲ ਬਦਸਲੂਕੀ ਕੀਤੀ ਜਾ ਰਹੀ ਹੈ। ਜਿਸ ਕਰਕੇ ਖਪਤਕਾਰਾਂ ਨੂੰ ਨਿਰਵਿਘਨ ਅਤੇ ਪਾਏਦਾਰ ਬਿਜਲੀ ਮੁਹੱਈਆ ਕਰਵਾਉਣ ਵਿੱਚ ਮੁਸ਼ਕਿਲ ਪੇਸ਼ ਆ ਰਹੀ ਹੈ ਅਤੇ ਇਸ ਦੇ ਨਾਲ-ਨਾਲ ਡਿਊਟੀ ਕਰਦੇ ਵਫਾਦਾਰ ਅਫਸਰਾਂ ਅਤੇ ਕਰਮਚਾਰੀਆਂ ਨੂੰ ਖਦਸ਼ਾ ਹੈ ਕਿ ਇਹ ਹੜ੍ਹਤਾਲੀ ਕਰਮਚਾਰੀ ਉਨ੍ਹਾਂ ਨੂੰ ਸ਼ਰੀਰਕ ਤੌਰ ਤੇ ਵੀ ਨੁਕਸਾਨ ਪਹੁੰਚਾ ਸਕਦੇ ਹਨ।

ਉਪਰੋਕਤ ਦੇ ਮੱਦੇ-ਨਜ਼ਰ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਪੀ.ਐੱਸ.ਟੀ.ਸੀ.ਐੱਲ ਦੇ ਦਫਤਰਾਂ ਦੇ ਬੰਦ ਪਏ ਗੇਟ ਖੁਲਵਾਏ ਜਾਣ ਅਤੇ ਸਾਰੇ ਪੰਜਾਬ ਵਿੱਚ ਸਥਿਤ ਤਕਰੀਬਨ 173 ਨੰ: 400/220/132 ਕੇਵੀ ਗਰਿੱਡ ਸਬ-ਸਟੇਸ਼ਨਾਂ ਤੇ ਸਬੰਧਤ ਐੱਸ.ਐੱਸ.ਪੀ .ਸਾਹਿਬਾਨਾਂ ਵੱਲੋਂ ਲੋਕਲ ਪੁਲਿਸ ਦੁਆਰਾ ਲੋੜ ਅਨੁਸਾਰ ਸੁਰੱਖਿਆ ਕਰਮਚਾਰੀ ਤੈਨਾਤ ਕਰਵਾਉਣ ਦੀ ਕ੍ਰਿਪਲਾਤਾ ਕੀਤੀ ਜਾਵੇ, ਤਾਂ ਜੋ ਦਫਤਰਾਂ ਵਿੱਚ ਅਮਨ ਤੇ ਕਾਨੂੰਨ ਦੀ ਵਿਵਸਥਾ ਬਹਾਲ ਰਹੇ (Law & Order situation) ਅਤੇ ਡਿਊਟੀ ਤੇ ਤੈਨਾਤ ਅਧਿਕਾਰੀ/ਕਰਮਚਾਰੀ ਸੁਰੱਖਿਅਤ ਰਹਿ ਸਕਣ ਜੀ।

21/11/2021

ਡਾਇਰੈਕਟਰ/ਪ੍ਰਬੰਧਕੀ
ਪੀ.ਐੱਸ.ਟੀ.ਸੀ.ਐੱਲ, ਪਟਿਆਲਾ

SPL/3-5
21.11.2021
ਸੀ.ਸੀ.:

1) ਪ੍ਰਮੁੱਖ ਸਕੱਤਰ /ਪਾਵਰ ,ਪੰਜਾਬ ਸਰਕਾਰ ,ਚੰਡੀਗੜ੍ਹ।
2) ਸੀ.ਐੱਮ.ਡੀ .ਪੀ.ਐੱਸ.ਟੀ.ਸੀ.ਐੱਲ .ਪਟਿਆਲਾ।
3) DyP/VBC, PSPCL, Patiala